# ਜਗਿਆਸਾ

ਵਿਗਿਆਨ ਪ੍ਰਸਾਰ ਅਤੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਦੀ ਸਾਂਝੀ ਪਹਿਲ

JUNE 2022 ISSUE:03



# ਕੇਵਲ ਇੱਕ ਧਰਤੀ



'ਏਨੀਮੀ ਐਟ ਯੂਅਰ ਗੇਟ' ਮੇਰੇ ਦੋਸਤ ਅਤੇ ਇੱਕ ਨਿਪੁੰਨ ਮੀਡੀਆ ਸ਼ਖਸੀਅਤ, ਹੈਦਰਾਬਾਦ ਦੇ ਰਿਜ਼ਵਾਨ ਅਹਿਮਦ ਦੁਆਰਾ ਬਣਾਈ ਗਈ ਇੱਕ ਛੋਟੀ ਫਿਲਮ ਦਾ ਨਾਮ ਹੈ । ਮੈਨੂੰ ਇਹ ਫਿਲਮ ਸਮੇਂ ਨਾਲ ਬਹੁਤ ਸੰਬੰਧਿਤ ਲੱਗੀ। ਇਹ ਫਿਲਮ ਵਾਤਾਵਰਣ ਬਾਰੇ ਹੈ ਜਿਸ ਬਾਰੇ ਅਸੀਂ ਸਾਰੇ ਚਿੰਤਤ ਹਾਂ ਅਤੇ ਕਿਸੇ ਠੋਸ ਅਤੇ ਸਥਾਈ ਹੱਲ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਾਂ।

ਭਾਰਤ ਵਿੱਚ ਸਾਡੇ ਲਈ, ਜਿਵੇਂ ਹੀ ਗਰਮੀਆਂ ਸ਼ੁਰੂ ਹੁੰਦੀਆਂ ਹਨ, ਅਸੀਂ ਆਪਣੀਆਂ ਪਿਛਲੀਆਂ ਗਲਤੀਆਂ ਦੇ ਨਤੀਜੇ ਮਹਿਸੂਸ ਕਰਦੇ ਹਾਂ ਜਦੋਂ ਪਾਰਾ ਛੱਤ ਨੂੰ ਛੂਹਣ ਲੱਗਦਾ ਹੈ। ਇਸ ਸਾਲ, ਅਸੀਂ ਸਾਰਿਆਂ ਨੇ ਗਰਮੀਆਂ ਦੀ ਸ਼ੁਰੂਆਤ ਦੇਖੀ ਹੈ, ਅਤੇ ਜਿਵੇਂ-ਜਿਵੇਂ ਦਿਨ ਬੀਤਦੇ ਜਾਂਦੇ ਹਨ, ਗਰਮੀ ਦੀ ਲਹਿਰ ਬੇਰੋਕ ਮਹਿਸੂਸ ਹੁੰਦੀ ਜਾਂਦੀ ਹੈ। ਅਸੀਂ ਸਾਰੇ ਇਸ ਬਾਰੇ ਜਾਣੂ ਹਾਂ, ਪਰ ਜਮੀਨੀ ਪੱਧਰ 'ਤੇ ਅਸੀਂ ਕਿੱਥੇ ਹਾਂ ਅਤੇ ਇਹ ਯਕੀਨੀ ਬਣਾਉਣ ਲਈ ਕੀ ਕਰ ਰਹੇ ਹਾਂ ਕਿ ਵਾਤਾਵਰਣ ਨੂੰ ਹੋਰ ਤਬਾਹ ਹੋਣ ਤੋਂ ਬਚਾਇਆ ਜਾ ਸਕੇ ? ਵਾਤਾਵਰਨ ਦੀ ਤਬਾਹੀ ਦੇ ਰਾਹਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਦਰਵਾਜ਼ੇ 'ਤੇ ਦਸਤਕ ਦੇਣ ਵਾਲੇ ਦੁਸ਼ਮਣ ਨੂੰ ਦੂਰ ਰੱਖ ਸਕੀਏ।

5 ਜੂਨ ਦਾ ਦਿਨ ਵਿਸ਼ਵ ਵਾਤਾਵਰਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਸਾਲ ਦੇ ਵਾਤਾਵਰਣ ਦਿਵਸ ਮੁਹਿੰਮ ਦਾ ਨਾਅਰਾ ਸਿਰਫ ਇੱਕ ਧਰਤੀ ਹੈ, ਜਿਸਦਾ ਉਦੇਸ਼ ਕੁਦਰਤ ਦੇ ਨਾਲ ਇੱਕਸੁਰਤਾ ਨਾਲ ਜੀਣਾ ਹੈ।

ਦਿਲਚਸਪ ਗੱਲ ਇਹ ਹੈ ਕਿ, ਇਸ ਸਾਲ ਦਾ ਵਿਸ਼ਵ ਵਾਤਾਵਰਣ ਦਿਵਸ ਵਾਪਸ ਸਵੀਡਨ ਨੂੰ ਦਿੱਤਾ ਗਿਆ ਹੈ ਜਿੱਥੋਂ ਇਹ ਸਭ 50 ਸਾਲ ਪਹਿਲਾਂ, 1972 ਦੀ ਮਸ਼ਹੂਰ ਸਟਾਕਹੋਮ ਕਾਨਫਰੰਸ ਵਜੋਂ ਸ਼ੁਰੂ ਹੋਇਆ ਸੀ।

‘ਸਿਰਫ ਇੱਕ ਧਰਤੀ’ 1972 ਦੀ ਕਾਨਫਰੰਸ ਦੀ ਮੁਹਿੰਮ ਦਾ ਨਾਅਰਾ ਵੀ ਸੀ, ਅਤੇ ਯੂ. ਐੱਨ. ਈ. ਪੀ. ਇਸਦਾ ਪ੍ਰਬੰਧਨ ਕਰ ਰਿਹਾ ਹੈ।ਸੰਯੁਕਤ ਰਾਸ਼ਟਰ ਸਸਟੇਨੇਬਲ ਡਿਵੈਲਪਮੈਂਟ ਗੋਲ ਦੇ ਨਜ਼ਰੀਏ ਤੋਂ, ਵਿਸ਼ਵ ਵਾਤਾਵਰਣ ਦਿਵਸ ਲਈ ਸੰਬੰਧਿਤ ਟੀਚੇ 1, 2, 6, 7, 12, 13, 14, 15 ਅਤੇ 17 ਮਿੱਥੇ ਗਏ ਹਨ, ਜੋ ਇਸ ਦਿਨ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹਨ।

ਵਾਤਾਵਰਣ ਦੇ ਮਾਹਿਰ, ਧਰਤੀ ਨੂੰ ਮੌਜੂਦਾ ਖ਼ਤਰਿਆਂ ਬਾਰੇ ਚੇਤਾਵਨੀ ਤੋਂ ਇਲਾਵਾ ਇਸਦੇ ਵਾਤਾਵਰਣ ਨੂੰ ਹੋਰ ਨੁਕਸਾਨ ਤੋਂ ਬਚਾਉਣ ਦੇ ਤਰੀਕਿਆਂ ਦਾ ਸੁਝਾਅ ਦੇ ਰਹੇ ਹਨ। ਮੌਜੂਦਾ ਸੰਸਾਧਨਾਂ ਦੀ ਘਟ ਵਰਤੋਂ, ਮੁੜ ਵਰਤੋਂ ਅਤੇ ਦੁਬਾਰਾ ਵਰਤੋਂ (ਰੀਸਾਈਕਲ) ਉਹਨਾਂ ਚੀਜ਼ਾਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਹੈ ਜੋ ਸਾਨੂੰ ਹਮੇਸ਼ਾ ਕਰਨੀਆਂ ਚਾਹੀਦੀਆਂ ਹਨ। ਜੋ ਵੀ ਅਸੀਂ ਰੱਦੀ ਵਿਚ ਸੁੱਟਦੇ ਹਾਂ, ਉਸ ਨੂੰ ਘੱਟ ਕਰਨਾ, ਕੁਦਰਤੀ ਸਰੋਤਾਂ ਨੂੰ ਬਣਾਈ ਰੱਖਣ ਵਿਚ ਸਾਡੀ ਮਦਦ ਕਰ ਸਕਦਾ ਹੈ। ਇਸ ਲਈ, ਆਪਣਾ ਇਲਾਕਾ ਸਾਫ਼ ਕਰਨ ਦੇ ਆਪਣੇ ਯਤਨਾਂ ਵਿੱਚ ਸ਼ਾਮਲ ਹੋਣ ਲਈ ਦੂਜਿਆਂ ਦੀ ਉਡੀਕ ਕਿਉਂ ਕਰੀਏ! ਜਾਗਰੂਕਤਾ ਪੈਦਾ ਕਰਨਾ ਅਤੇ ਲੋਕਾਂ ਨੂੰ ਸਿੱਖਿਅਤ ਕਰਨਾ ਵੀ ਬਰਾਬਰ ਮਹੱਤਵਪੂਰਨ ਹਨ। ਅਸੀਂ ਸਾਰੇ ਪਾਣੀ ਦੀ ਮਹੱਤਤਾ ਬਾਰੇ ਜਾਣਦੇ ਹਾਂ, ਅਤੇ ਇਸ ਦੀ ਸੰਭਾਲ ਕਰਨਾ ਵੀ ਬਹੁਤ ਜ਼ਰੂਰੀ ਹੈ। ਸਥਿਰਤਾ ਪੱਖੋਂ, ਸਾਨੂੰ ਇਸ ਤਰ੍ਹਾਂ ਦੇ ਭੋਜਨ ਅਤੇ ਕੱਪੜੇ ਚੁਣਨੇ ਚਾਹੀਦੇ ਹਨ ਜੋ ਸੰਬੰਧਿਤ ਮਾਪਦੰਡਾਂ ਦੀ ਪਾਲਣਾ ਕਰਦੇ ਹੋਣ । ਰਿਜ਼ਵਾਨ ਦੀ ਫ਼ਿਲਮ ਵਿੱਚ ਪਲਾਸਟਿਕ ਬਾਰੇ ਇੱਕ ਮਜ਼ਬੂਤ ਸੰਦੇਸ਼ ਦਿੱਤਾ ਗਿਆ ਹੈ ਜੋ ਸਾਰਿਆਂ ਤੇ ਲਾਗੂ ਹੁੰਦਾ ਹੈ - ਉਹ ਹੈ ਕਿ ਖਰੀਦਦਾਰੀ ਲਈ ਬਾਹਰ ਜਾਣ ਵੇਲੇ ਪਲਾਸਟਿਕ ਦੇ ਥੈਲਿਆਂ ਤੋਂ ਬਚਣਾ ਚਾਹੀਦਾ ਹੈ। ਲੰਬੇ ਸਮੇਂ ਤੱਕ ਚੱਲਣ ਵਾਲੇ ਐਲ.ਈ.ਡੀ. ਬਲਬਾਂ ਦੀ ਵਰਤੋਂ ਕਰਕੇ ਗ੍ਰੀਨਹਾਉਸ ਗੈਸਾਂ ਦੇ ਨਿਕਾਸ ਨੂੰ ਘਟਾਉਣਾ ਵੀ ਜ਼ਰੂਰੀ ਹੈ। ਰੁੱਖ ਲਗਾਉਣ ਦੀ ਸਾਡੀ ਸਦੀਆਂ ਪੁਰਾਣੀ ਪਰੰਪਰਾ ਅਸਲ ਵਿੱਚ ਕਰਨ ਵਾਲੀਆਂ ਚੀਜ਼ਾਂ ਦੀ ਇਸ ਸੂਚੀ ਵਿੱਚ ਬਹੁਤ ਮਹੱਤਵਪੂਰਨ ਹੈ। ਸਾਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਰਸਾਇਣਾਂ ਨੂੰ ਜਲ ਮਾਰਗਾਂ ਵਿੱਚ ਨਾ ਸੁੱਟਿਆ ਜਾਵੇ।

ਸੱਚਮੁੱਚ, ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ। ਇਸ ਸਭ ਦੇ ਵਿਚਕਾਰ, ਮੈਂ ਦੇਖਿਆ ਹੈ ਕਿ ਪਿਛਲੇ ਦੋ ਦਹਾਕਿਆਂ ਦੌਰਾਨ ਬਹੁਤ ਸਾਰੇ ਵਿਚਾਰ-ਵਟਾਂਦਰੇ ਅਤੇ ਫੈਸਲੇ ਹੋਏ ਹਨ, ਅਤੇ ਹੋਰ ਵੀ ਬਹੁਤ ਕੁਝ ਹੋਇਆ ਹੈ।

ਫਿਰ ਵੀ, ਬਹੁਤ ਸਾਰੇ ਕਾਰਨਾਂ ਕਰਕੇ, ਹੁਣ ਤੱਕ ਦਾ ਨੁਕਸਾਨ ਭਰਿਆ ਨਹੀਂ ਜਾ ਸਕਿਆ ਹੈ। ਇਸ ਤਰ੍ਹਾਂ ਹੁਣ ਤੱਕ ਚੁੱਕੇ ਗਏ ਕਦਮਾਂ ਦੀ ਪ੍ਰਭਾਵਸ਼ੀਲਤਾ 'ਤੇ ਵੱਡਾ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ। 2022 ਵਿੱਚ ਵਿਸ਼ਵ ਵਾਤਾਵਰਣ ਦਿਵਸ ਲਈ, ਮੇਰਾ ਅੰਦਾਜ਼ਾ ਹੈ ਕਿ ਸਾਨੂੰ ਵਾਤਾਵਰਣ ਮੁੱਦਿਆਂ ਨਾਲ ਲੜਨ ਲਈ ਲਗਾਤਾਰ ਯਤਨ ਕਰਦੇ ਰਹਿਣ ਦੀ ਲੋੜ ਹੈ।

ਤੁਹਾਨੂੰ ਸਾਰਿਆਂ ਨੂੰ ਵਾਤਾਵਰਨ ਦਿਵਸ 2022 ਦੀਆਂ ਬਹੁਤ ਬਹੁਤ ਮੁਬਾਰਕਾਂ!

**ਡਾ. ਨਕੁਲ ਪਰਾਸ਼ਰ**
ਨਿਰਦੇਸ਼ਕ, ਵਿਗਿਆਨ ਪ੍ਰਸਾਰ



# ਵਿਸ਼ਵ ਵਾਤਾਵਰਣ ਦਿਵਸ - 5 ਜੂਨ

**ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ, ਕੁਝ ਰੁੱਖ ਲਗਦੇ ਮਾਵਾਂ**
**- ਸ਼ਿਵ ਕੁਮਾਰ ਬਟਾਲਵੀ**

ਸਾਡਾ ਵਾਤਾਵਰਣ ਜਾਂ ਆਲਾ-ਦੁਆਲਾ ਗਲੋਬਲ ਵਾਰਮਿੰਗ ਅਤੇ ਪ੍ਰਦੂਸ਼ਣ ਕਾਰਨ ਦਿਨ-ਬ-ਦਿਨ ਪਲੀਤ ਹੋ ਰਿਹਾ ਹੈ। ਜ਼ਿੰਦਗੀ ਨੂੰ ਕੁਦਰਤ ਦੇ ਨਾਲ ਜੋੜਨ ਅਤੇ ਵਾਤਾਵਰਣ ਨੂੰ ਬਚਾਉਣ ਲਈ, ਵਿਸ਼ਵ ਵਾਤਾਵਰਣ ਦਿਵਸ ਨੂੰ ਸ਼ੁਰੂ ਕਰਨ ਦਾ ਵਿਚਾਰ 1972 ਵਿੱਚ ਯੁਨਾਈਟਿਡ ਨੇਸ਼ਨ ਜਨਰਲ ਅਸੈਂਮਬਲੀ (United Nations General Assembly) ਵੱਲੋਂ ਰੱਖੀ ਇਕ ਮੀਟਿੰਗ ਵਿਚੋਂ ਨਿਕਲ ਕੇ ਆਇਆ ਸੀ। ਸਵੀਡਨ ਦੀ ਰਾਜਧਾਨੀ ਸਟਾਕਹੋਮ ਵਿਖੇ ਧਰਤੀ ਅਤੇ ਵਾਤਾਵਰਣ ਸਬੰਧੀ ਮੁਸ਼ਕਲਾਂ ਨੂੰ ਹੱਲ ਕਰਨ ਲਈ ਵਿਸ਼ਵ ਵਾਤਾਵਰਣ ਦਿਵਸ ਦੀ ਸ਼ੁਰੂਆਤ ਕੀਤੀ ਗਈ। ਅਮਰੀਕਾ ਦੇ ਸ਼ਹਿਰ ਸਪੋਕੇਨ ਵਿਖੇ ਪਹਿਲਾ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। 1974 ਤੋਂ ਲੈ ਕੇ ਹੁਣ ਤੱਕ ਲਗਾਤਾਰ ਹਰ ਸਾਲ 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਦੁਨੀਆਂ ਦੇ ਅਲੱਗ-ਅਲੱਗ ਸ਼ਹਿਰਾਂ ਵਿੱਚ ਮਨਾਇਆ ਜਾਂਦਾ ਹੈ। ਇਸ ਵਿੱਚ ਦੁਨੀਆ ਦੇ ਲੱਗਭੱਗ 143 ਦੇਸ਼ ਭਾਗ ਲੈਂਦੇ ਹਨ। ਹਰ ਸਾਲ ਇਕ ਟੀਚਾ ਮਿੱਥ ਕੇ ਉਸ ਉਤੇ ਸਾਰੀ ਦੁਨੀਆਂ ਦੇ ਦੇਸ਼ਾਂ ਵੱਲੋਂ ਕੰਮ ਕੀਤਾ ਜਾਂਦਾ ਹੈ। ਇਹ ਵਾਤਾਵਰਣ ਦੇ ਮੁੱਦਿਆਂ ਤੋਂ ਲੈ ਕੇ ਸਮੁੰਦਰੀ ਪ੍ਰਦੂਸ਼ਣ, ਗਲੋਬਲ ਵਾਰਮਿੰਗ, ਬਚਾਅ ਵਾਲੀ ਖਪਤ (Sustainable Consumption), ਮਨੁੱਖੀ ਆਬਾਦੀ ਅਤੇ ਜੰਗਲੀ ਜੀਵਾਂ ਉਪਰ ਅਤਿਆਚਾਰ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇਕ ਵੱਡੀ ਮੁਹਿੰਮ ਹੈ । ਹਰ ਸਾਲ ਵਿਸ਼ਵ ਵਾਤਾਵਰਣ ਦਿਵਸ ਲਈ ਇਕ ਨਾਅਰਾ ਦਿੱਤਾ ਜਾਂਦਾ ਹੈ। ਪਹਿਲਾ ਨਾਅਰਾ 1974 ਵਿਚ ਦਿੱਤਾ ਗਿਆ ਸੀ ਜੋ ਸੀ 'ਇੱਕੋ ਇੱਕ ਧਰਤੀ'।

ਸਾਲ 2019 ਦਾ ਨਾਅਰਾ ਸੀ 'ਹਵਾ ਪ੍ਰਦੂਸ਼ਣ', ਅਤੇ ਸਾਲ 2020 ਦਾ ਨਾਅਰਾ ਸੀ 'ਜੈਵ ਵਿਭਿੰਨਤਾ'। ਪਹਿਲੇ ਵਾਤਾਵਰਣ ਦਿਵਸ ਦੀ ਥੀਮ, 'ਕੇਵਲ ਇੱਕੋ ਇੱਕ ਧਰਤੀ' ਨੂੰ ਵਿੱਚ 2022 ਫਿਰ ਦੁਹਰਾਇਆ ਗਿਆ ਹੈ।

ਇਹ ਥੀਮ ਧਰਤੀ ਦੇ ਨਾਗਰਿਕਾਂ ਵਲੋਂ ਵਾਤਾਵਰਣ ਦੀ ਰੱਖਿਆ ਕਰਨ ਅਤੇ ਹਰ ਥਾਂ ਅਤੇ ਹਰ ਰੋਜ਼ ਟਿਕਾਊ ਜੀਵਨ ਨੂੰ ਉਤਸ਼ਾਹਿਤ ਕਰਨ ਲਈ ਸਾਡੀ ਭੂਮਿਕਾ 'ਤੇ ਕੇਂਦਰਿਤ ਹੈ। ਹਰ ਸਾਲ ਇਕ ਨਵਾਂ ਨਾਅਰਾ ਦੇਣ ਦਾ ਮੁੱਖ ਕਾਰਨ ਹੈ ਕਿ ਸਾਰੀ ਦੁਨੀਆਂ ਦੇ ਦੇਸ਼ਾਂ ਦੀਆਂ ਸਰਕਾਰਾਂ, ਪ੍ਰਮੁੱਖ ਕਾਰਪੋਰੇਸ਼ਨਾਂ, ਸਵੈ-ਸੇਵੀ ਸੰਸਥਾਵਾਂ ਅਤੇ ਸਾਰੀਆਂ ਵਿਸ਼ਵ ਪ੍ਰਸਿੱਧ ਸਖਸ਼ੀਅਤਾਂ ਵਾਤਾਵਰਣ ਨੂੰ ਬਚਾਉਣ ਲਈ ਹੰਭਲਾ ਮਾਰਨ ਅਤੇ ਆਪਣਾ ਯੋਗਦਾਨ ਪਾਉਣ।

ਧਰਤੀ ਤੇ ਪਾਈਆਂ ਜਾਣ ਵਾਲੇ ਜੀਵਾਂ ਦੀਆਂ ਪ੍ਰਜਾਤੀਆਂ (Species) ਆਪਸ ਵਿੱਚ ਇਕ ਦੂਜੇ ਉੱਤੇ ਨਿਰਭਰ ਹੁੰਦੀਆਂ ਹਨ। ਜੇ ਅਸੀਂ ਕਿਸੇ ਇਕ ਪ੍ਰਜਾਤੀ ਦਾ ਅੰਤ ਕਰ ਦਿੰਨੇ ਹਾਂ ਤਾਂ ਅਸੀਂ ਉਹ ਕੜੀ ਤੋੜ ਦਿੰਦੇ ਹਾਂ ਜੋ ਕਿ ਲੱਖਾਂ ਸਾਲਾਂ ਵਿਚ ਕੁਦਰਤ ਨੇ ਵਿਕਾਸ ਦੇ ਸਿਧਾਂਤ (Evolution) ਅਨੁਸਾਰ ਬਣਾਈ ਹੁੰਦੀ ਹੈ। ਵਿਕਾਸ ਦੇ ਨਾਮ ਤੇ ਵਿਸ਼ਵ ਭਰ ਵਿਚ ਦਰੱਖਤਾਂ, ਜੀਵਾਂ, ਪੰਛੀਆਂ, ਜਾਨਵਰਾਂ ਦੀਆਂ ਲੱਖਾਂ ਪ੍ਰਜਾਤੀਆਂ ਖਤਮ ਹੋ ਚੁੱਕੀਆਂ ਹਨ ਜੋ ਕਿ ਬਹੁਤ ਗੰਭੀਰ ਵਿਸ਼ਾ ਹੈ। ਮਨੁੱਖ ਦੁਆਰਾ ਜੰਗਲਾਂ ਦੀ ਅੰਨ੍ਹੇਵਾਹ ਕਟਾਈ, ਜੰਗਲੀ ਜੀਵਾਂ ਦਾ ਸ਼ਿਕਾਰ, ਜੰਗਲ ਵੱਢ ਕੇ ਖੇਤੀ ਕਰਨਾ ਤੇ ਦੁਬਾਰਾ ਦਰੱਖਤ ਨਾ ਲਗਾਉਣਾ, ਖੇਤੀ ਵਿਚ ਜ਼ਿਆਦਾ ਮਾਤਰਾ ਵਿੱਚ ਰਸਾਇਣਕ ਖਾਦਾਂ, ਕੀੜੇਮਾਰ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਨੇ ਉਸ ਜਗ੍ਹਾ ਦੀ ਮਿੱਟੀ, ਪੌਣ ਪਾਣੀ ਤੇ ਜਲਵਾਯੂ ਨੂੰ ਗੰਧਲਾ ਕਰ ਦਿੱਤਾ ਹੈ। ਜੇ ਅਸੀਂ ਇਸ ਤਰ੍ਹਾਂ ਹੀ ਕੁਦਰਤੀ ਸੋਮਿਆਂ ਦਾ ਘਾਣ ਕਰਦੇ ਰਹਾਂਗੇ ਤਾਂ ਮਨੁੱਖਤਾ ਦਾ ਇਸ ਧਰਤੀ ਤੇ ਬਚਿਆ ਰਹਿਣਾ ਵੀ ਮੁਮਕਿਨ ਨਹੀਂ ਹੈ। ਅੱਜ ਕੱਲ 75% ਦੇ ਲੱਗਭੱਗ ਲਾਗ ਵਾਲੇ ਰੋਗ ਸਾਡੇ ਆਪਣੇ ਸਹੇੜੇ ਹੋਏ ਹਨ। ਕੁਦਰਤ ਸਾਨੂੰ ਸੁਨੇਹਾ ਦੇ ਰਹੀ ਹੈ ਕਿ ਅਸੀਂ ਹੁਣ ਵੀ ਸੰਭਲ ਜਾਈਏ। ਇਸ ਦਾ ਤਾਜ਼ਾ ਉਦਾਹਰਣ ਹੈ ਕੋਰੋਨਾ ਵਾਇਰਸ। ਕਈ ਵਾਇਰਸ ਪਰਿਵਰਤਨ ਜਾਂ ਨਵੀਂ ਉਤਪਤੀ (Mutation) ਕਰਕੇ ਜਾਨਵਰਾਂ ਤੋਂ ਇਨਸਾਨਾਂ ਵਿੱਚ ਆ ਜਾਂਦੇ ਹਨ। ਜੇ ਅਸੀਂ ਕੁਦਰਤ ਦੇ ਨਿਯਮਾਂ ਨਾਲ ਛੇੜਛਾੜ ਕਰਾਂਗੇ ਤਾਂ ਨਤੀਜੇ ਸਾਨੂੰ ਹੀ ਭੁਗਤਣੇ ਪੈਣੇ ਹਨ।

ਧਰਤੀ ਦੇ ਵਾਤਾਵਰਣ ਸੰਬੰਧੀ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਸ਼ੁਰੂ ਕੀਤੇ ਗਏ ਵਾਤਾਵਰਣ ਦਿਵਸ ਨੂੰ 'ਈਕੋ ਦਿਵਸ' (Eco Day) ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਆਓ ਅਸੀਂ ਇਹ ਪ੍ਰਣ ਲਈਏ ਕਿ ਵਾਤਾਵਰਣ ਦਿਵਸ ਦੇ ਦਿਨ ਘੱਟੋ-ਘੱਟ ਇਕ ਰੁੱਖ ਤਾਂ ਜਰੂਰ ਲਗਾਵਾਂਗੇ।

**ਰਿਪਨਜੋਤ ਕੌਰ ਸੋਨੀ ਬੱਗਾ**
ਪੰਜਾਬੀ ਲੇਖਿਕਾ, ਪਟਿਆਲਾ

# ਪੰਜਾਬ ਵਿੱਚ ਵਿਸ਼ਵ ਵਾਤਾਵਰਣ ਦਿਵਸ-2022


ਵਿਸ਼ਵ ਵਾਤਾਵਰਣ ਦਿਵਸ ਹਰ ਸਾਲ 5 ਜੂਨ ਨੂੰ ਮਨਾਇਆ ਜਾਂਦਾ ਹੈ ਅਤੇ ਇੱਹ ਸਾਡੇ ਵਾਤਾਵਰਣ ਦੀ ਵਿਸ਼ਵਵਿਆਪੀ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਲਈ ਸੰਯੁਕਤ ਰਾਸ਼ਟਰ ਦੀ ਪ੍ਰਮੁੱਖ ਪਹਿਲਕਦਮੀ ਹੈ। ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਧਰਤੀ ਦੇ ਕੁਦਰਤੀ ਵਾਤਾਵਰਣ ਪ੍ਰਣਾਲੀ 'ਤੇ ਵਧ ਰਹੇ ਦਬਾਅ ਦੇ ਵਿਰੁੱਧ ਕਾਰਵਾਈਆਂ ਸ਼ੁਰੂ ਕਰਨ ਲਈ ਭਾਈਚਾਰਿਆਂ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ। 2022 ਦੇ ਵਿਸ਼ਵ ਵਾਤਾਵਰਣ ਦਿਵਸ ਦੀ ਥੀਮ 'ਸਿਰਫ਼ ਇੱਕ ਧਰਤੀ' ਦਿੱਤੀ ਗਈ ਸੀ, ਜੋ ਸਾਡੇ ਗ੍ਰਹਿ ਨੂੰ ਸੁਰੱਖਿਅਤ ਕਰਨ ਅਤੇ ਇਸਦੇ ਕੁਦਰਤੀ ਵਾਤਾਵਰਣ ਨੂੰ ਬਹਾਲ ਕਰਨ ਲਈ ਵਿਸ਼ਵ ਪੱਧਰ 'ਤੇ ਪਰਿਵਰਤਨਸ਼ੀਲ ਕਾਰਵਾਈ ਨੂੰ ਦਰਸਾਉਂਦੀ ਹੈ।

ਵਿਸ਼ਵ ਵਾਤਾਵਰਣ ਦਿਵਸ 2022 ਨੂੰ ਪ੍ਰਤੱਖ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਮਨਾਉਣ ਲਈ, ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਤਕਨਾਲੋਜੀ (ਪੀ.ਐਸ.ਸੀ.ਐਸ.ਟੀ.) ਅਤੇ ਕੈਨੇਡਾ ਦੇ ਕੌਂਸਲੇਟ ਜਨਰਲ, ਚੰਡੀਗੜ੍ਹ ਨੇ ਸਹਿਯੋਗ ਕੀਤਾ। ਇਸ ਦੌਰਾਨ ਕੌਂਸਲ ਵੱਲੋਂ ਪੰਜਾਬੀ ਯੂਨੀਵਰਸਿਟੀ ਦੇ ਅਧੀਨ ਕਾਲਜਾਂ ਵਿੱਚ ਸਥਾਪਿਤ ਕਰਵਾਏ ਗਏ ਈਕੋ-ਕਲੱਬਾਂ ਅਤੇ ਚਾਰ ਸਰਗਰਮ ਜ਼ਿਲ੍ਹਿਆਂ ਜਿਵੇਂ ਐਸ.ਬੀ.ਐਸ.ਨਗਰ, ਸੰਗਰੂਰ, ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਦੇ ਸਕੂਲਾਂ ਵਿੱਚ ਬਣਵਾਏ ਗਏ ਈਕੋ ਕਲੱਬਾਂ ਨੂੰ ਸ਼ਾਮਲ ਕਰਕੇ ਹਫ਼ਤਾ ਭਰ ਦੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ।

ਇਹਨਾਂ ਗਤੀਵਿਧੀਆਂ ਵਿੱਚ ਸਕੂਲ, ਕਾਲਜ ਅਤੇ ਯੂਨੀਵਰਸਿਟੀ ਪੱਧਰ 'ਤੇ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ, ਵੇਸਟ ਟੂ ਵੈਲਥ , ਨਿਬੰਧ ਲੇਖਣ, ਕੁਇਜ਼, ਬਿਗ ਟ੍ਰੀ ਚੈਲੇਂਜ, ਫੋਟੋਗ੍ਰਾਫੀ ਅਤੇ ਵੀਡੀਓ ਮੇਕਿੰਗ ਮੁਕਾਬਲੇ ਸ਼ਾਮਲ ਕੀਤੇ ਗਏ ।

ਵਿਸ਼ਵ ਵਾਤਾਵਰਣ ਦਿਵਸ 2022 ਗਤੀਵਿਧੀਆਂ ਦਾ ਉਦਘਾਟਨ 30 ਮਈ ਨੂੰ ਕਨੇਡਾ ਦੇ ਕੌਂਸਲ ਜਨਰਲ ਸ਼੍ਰੀ ਪੈਟਰਿਕ ਹੇਬਰਟ ਦੁਆਰਾ ਕੀਤਾ ਗਿਆ ।

ਇਸ ਸਮਾਰੋਹ ਵਿੱਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਪ੍ਰੋ.ਆਦਰਸ਼ਪਾਲ ਵਿਗ ਅਤੇ ਪੀ.ਐਸ.ਸੀ.ਐਸ.ਟੀ. ਦੇ ਕਾਰਜਕਾਰੀ ਡਾਇਰੈਕਟਰ ਡਾ. ਜਤਿੰਦਰ ਕੌਰ ਅਰੋੜਾ ਵੀ ਸ਼ਾਮਲ ਹੋਏ । ਇਸ ਮੌਕੇ ਸਾਰੇ ਬੁਲਾਰਿਆਂ ਨੇ ਜ਼ੋਰ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਅਤੇ ਭਾਈਚਾਰਿਆਂ ਨੂੰ ਵਾਤਾਵਰਨ ਸੰਭਾਲ ਦੇ ਯਤਨਾਂ ਵਿੱਚ ਸ਼ਾਮਲ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਉਹ ਆਪਣੇ ਆਲੇ-ਦੁਆਲੇ ਵਿੱਚ ਤਬਦੀਲੀ ਲਿਆ ਸਕਦੇ ਹਨ। ਡਾ. ਜਤਿੰਦਰ ਕੌਰ ਅਰੋੜਾ ਨੇ ਦੱਸਿਆ ਕਿ ਰਾਜ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਕੌਂਸਲ ਦੁਆਰਾ ਸਥਾਪਿਤ ਕੀਤੇ ਗਏ 5600 ਈਕੋ-ਕਲੱਬ ਵਾਤਾਵਰਣ ਪ੍ਰਤੀ ਲੋੜੀਂਦੀ ਜਾਗਰੁਕਤਾ ਪੈਦਾ ਕਰਨ ਲਈ ਵੱਡਾ ਯੋਗਦਾਨ ਪਾ ਰਹੇ ਹਨ।



ਵਿਸ਼ਵ ਵਾਤਾਵਰਨ ਦਿਵਸ 2022 ਤਹਿਤ ਸਕੂਲ ਪੱਧਰੀ ਸਮਾਗਮ 30 ਅਤੇ 31 ਮਈ 2022 ਨੂੰ ਚਾਰ ਚੁਣੇ ਗਏ ਜ਼ਿਲ੍ਹਿਆਂ ਦੇ ਈਕੋ ਕਲੱਬਾਂ ਵਿੱਚ ਕਰਵਾਏ ਗਏ ਜਦਕਿ ਕਾਲਜ ਅਤੇ ਯੂਨੀਵਰਸਿਟੀ ਪੱਧਰ ਦੇ ਸਮਾਗਮ 1 ਅਤੇ 2 ਜੂਨ 2022 ਨੂੰ ਕਰਵਾਏ ਗਏ। ਸਕੂਲ ਪੱਧਰੀ ਸਮਾਗਮਾਂ ਦਾ ਤਾਲਮੇਲ ਜ਼ਿਲ੍ਹਾ ਈਕੋ-ਕਲੱਬ ਦੇ ਕੋਆਰਡੀਨੇਟਰਾਂ ਦੁਆਰਾ ਕੀਤਾ ਗਿਆ ਅਤੇ ਪੰਜਾਬੀ ਯੂਨੀਵਰਸਿਟੀ ਵਿਖੇ ਸੈਂਟਰ ਫਾਰ ਰੀਸਟੋਰੇਸ਼ਨ ਆਫ਼ ਈਕੋਸਿਸਟਮ ਇਨ ਪੰਜਾਬ ਦੇ ਇੰਚਾਰਜ ਦੁਆਰਾ ਕਾਲਜ ਅਤੇ ਯੂਨੀਵਰਸਿਟੀ ਦੇ ਸਮਾਗਮਾਂ ਦਾ ਤਾਲਮੇਲ ਕੀਤਾ ਗਿਆ।

ਵਿਸ਼ਵ ਵਾਤਾਵਰਣ ਦਿਵਸ ਦੀ ਸਮਾਪਤੀ ਅਤੇ ਇਨਾਮ ਵੰਡ ਸਮਾਰੋਹ 6 ਜੂਨ, 2022 ਮਹਾਤਮਾ ਗਾਂਧੀ ਸਟੇਟ ਇੰਨਸਟੀਚਿਊਟ ਆਫ ਪਬਲਿਕ ਐਡਮਿਨੀਸਟ੍ਰੇਸ਼ਨ (ਮੈਗਸੀਪਾ) ਵਿਖੇ ਆਯੋਜਿਤ ਕੀਤਾ ਗਿਆ । ਇਸ ਸਮਾਗਮ ਵਿੱਚ ਕੈਨੇਡਾ ਦੇ ਕੌਂਸਲ ਜਨਰਲ ਸ਼੍ਰੀ ਪੈਟਰਿਕ ਹੇਬਰਟ ਨੇ ਸ਼ਿਰਕਤ ਕੀਤੀ।ਉਹਨਾਂ ਨੇ ਕਿਹਾ ਕਿ ਕੈਨੇਡਾ ਵਾਤਾਵਰਣ ਦੀ ਸੁਰੱਖਿਆ ਦੇ ਯਤਨਾਂ ਵਿੱਚ ਭਾਰਤ ਦਾ ਮਜ਼ਬੂਤ ਸਹਿਯੋਗੀ ਹੈ। ਸ਼੍ਰੀ ਰਾਹੁਲ ਤਿਵਾੜੀ, ਆਈ.ਏ.ਐਸ.,ਸਕੱਤਰ, ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ, ਪੰਜਾਬ ਨੇ ਨੌਜਵਾਨਾਂ ਨੂੰ ਆਪਣੇ ਜੀਵਨ ਵਿੱਚ ਚਾਰ ਕਾਰਜਸ਼ੀਲ ਤੱਤਾਂ ਨੂੰ ਸ਼ਾਮਲ ਕਰਨ ਲਈ ਪ੍ਰੇਰਿਤ ਕੀਤਾ ਜੋ ਕਿ ਵੱਡਾ ਪ੍ਰਭਾਵ ਪੈਦਾ ਕਰ ਸਕਦੇ ਹਨ ਜਿਵੇਂ ਕਿ ਇੱਕ ਰੁੱਖ ਲਗਾਓ ਅਤੇ ਇੱਕ ਸਾਲ ਤੱਕ ਇਸ ਦਾ ਪਾਲਣ ਪੋਸ਼ਣ ਕਰੋ; ਗਿੱਲੇ ਅਤੇ ਸੁੱਕੇ ਕੂੜੇ ਨੂੰ ਘਰ ਵਿੱਚ ਅਲੱਗ-ਥਲੱਗ ਕਰੋ ਅਤੇ ਸਿੰਗਲ ਯੂਜ਼ ਪਲਾਸਟਿਕ ਨੂੰ ਨਾਂਹ ਕਹੋ। ਸ਼੍ਰੀ ਮਨੀਸ਼ ਕੁਮਾਰ, ਡਾਇਰੈਕਟਰ, ਡਾਇਰੈਕਟੋਰੇਟ ਆਫ ਇਨਵਾਇਰਮੈਂਟ ਐਂਡ ਕਲਾਈਮੇਟ ਚੇਂਜ ਨੇ ਕਿਹਾ ਕਿ ਸਮਾਜ ਨੂੰ ਵਾਤਾਵਰਣ ਨੂੰ ਬਚਾਉਣ ਲਈ ਟਿਕਾਊ ਜੀਵਨ ਸ਼ੈਲੀ ਅਪਣਾਉਣੀ ਚਾਹੀਦੀ ਹੈ। ਡਾ. ਜਤਿੰਦਰ ਕੌਰ ਅਰੋੜਾ, ਐਗਜ਼ੈਕਟਿਵ ਡਾਇਰੈਕਟਰ, ਪੰਜਾਬ ਸਟੇਟ ਕੌਂਸਿਲ ਫਾਰ ਸਾਇੰਸ ਐਂਡ ਤਕਨਾਲੋਜੀ ਨੇ ਕਿਹਾ ਕਿ ਸਾਡੇ ਵਿੱਚੋਂ ਹਰ ਇੱਕ ਨੂੰ 'ਉਤਸ਼ਾਹ' ਦੀ ਲੋੜ ਹੈ ਤਾਂ ਜੋ ਦੇਸ਼ ਨੂੰ ਜਲਵਾਯੂ ਪਰਿਵਰਤਨ ਪ੍ਰਤੀ ਆਪਣੇ ਰਾਸ਼ਟਰੀ ਪੱਧਰ 'ਤੇ ਨਿਰਧਾਰਤ ਯੋਗਦਾਨ ਨੂੰ ਪੂਰਾ ਕਰਨ ਦੇ ਯੋਗ ਬਣਾਇਆ ਜਾ ਸਕੇ।

ਉਹਨਾਂ ਨੇ ਇੱਹ ਵੀ ਸਾਂਝਾ ਕੀਤਾ ਕਿ ਕੌਂਸਲ ਨੇ ਇਸ ਵਿਸ਼ੇ 'ਤੇ ਸਕੂਲੀ ਵਿਦਿਆਰਥੀਆਂ ਦੇ ਗਿਆਨ ਅਧਾਰ ਨੂੰ ਵਧਾਉਣ ਲਈ ਵਿਗਿਆਨ ਪ੍ਰਸਾਰ ਦੇ ਸਹਿਯੋਗ ਨਾਲ ਮੌਸਮੀ ਤਬਦੀਲੀ 'ਤੇ ਇੱਕ ਪਾਠਕ੍ਰਮ ਨਾਲ ਜੁੜੀ ਗਤੀਵਿਧੀ ਪੁਸਤਕ ਤਿਆਰ ਕੀਤੀ ਹੈ।

ਸਮਾਗਮ ਦੇ ਹਿੱਸੇ ਵਜੋਂ, ਮੈਗਸੀਪਾ ਕੰਪਲੈਕਸ ਦੀ ਟ੍ਰੀ ਡਾਇਵਰਸਿਟੀ (ਰੁੱਖਾਂ ਦੀ ਵਿਭਿੰਨਤਾ) ਨੂੰ ਪੀ.ਐਸ.ਸੀ.ਐਸ.ਟੀ ਅਤੇ ਪੰਜਾਬ ਜੈਵ ਵਿਭਿੰਨਤਾ ਬੋਰਡ ਦੁਆਰਾ ਮੈਪ ਕੀਤਾ ਗਿਆ । ਕੰਪਲੈਕਸ ਵਿੱਚ ਲਗਾਏ ਗਏ ਹਰੇਕ ਖਾਸ ਕਿਸਮ ਦੇ ਰੁੱਖ ਲਈ ਸਾਈਨੇਜ ਦਾ ਉਦਘਾਟਨ ਸ਼੍ਰੀਮਤੀ ਜਸਪ੍ਰੀਤ ਤਲਵਾਰ, ਆਈ.ਏ.ਐਸ, ਡਾਇਰੈਕਟਰ ਜਨਰਲ, ਮੈਗਸੀਪਾ ਨੇ ਕੀਤਾ।







ਇਸ ਸਮਾਗਮ ਦੌਰਾਨ ਫਾਜ਼ਿਲਕਾ, ਸੰਗਰੂਰ, ਐਸ.ਬੀ.ਐਸ.ਨਗਰ ਅਤੇ ਮੁਕਤਸਰ ਸਾਹਿਬ ਜ਼ਿਲ੍ਹਿਆਂ ਤੋਂ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ, ਬੈਸਟ ਆਊਟ ਆਫ ਵੇਸਟ ਅਤੇ ਡੈਕਲਾਮੇਸ਼ਨ ਦੇ ਜ਼ਿਲ੍ਹਾ ਪੱਧਰੀ ਈਕੋ-ਕਲੱਬ ਮੁਕਾਬਲਿਆਂ ਦੇ ਜੇਤੂਆਂ ਨੂੰ ਉਨ੍ਹਾਂ ਦੇ ਅਧਿਆਪਕਾਂ ਅਤੇ ਜ਼ਿਲ੍ਹਾ ਕੋਆਰਡੀਨੇਟਰਾਂ ਸਮੇਤ ਇਨਾਮ ਅਤੇ ਸਰਟੀਫਿਕੇਟ ਦਿੱਤੇ ਗਏ। ਸ਼ਾਰਟ ਫਿਲਮ ਮੇਕਿੰਗ, ਪੋਸਟਰ ਮੇਕਿੰਗ, ਕੁਇਜ਼ ਅਤੇ ਬਿਗ ਟ੍ਰੀ ਚੈਲੇਂਜ ਦੇ ਮੁਕਾਬਲਿਆਂ ਦੇ ਕਾਲਜ ਅਤੇ ਯੂਨੀਵਰਸਿਟੀ ਪੱਧਰ ਦੇ ਜੇਤੂਆਂ ਨੂੰ ਵੀ ਸਨਮਾਨਿਤ ਕੀਤਾ ਗਿਆ।



# ਪਲਾਸਟਿਕ ਦੇ ਨੁਕਸਾਨ

ਪਲਾਸਟਿਕ ਦੀ ਵਰਤੋਂ ਹਰ ਥਾਂ ਬੇ—ਹਿਸਾਬ ਹੋਣ ਲੱਗ ਪਈ ਹੈ। ਜਿੱਥੇ ਪਲਾਸਟਿਕ ਨੇ ਸਾਡੇ ਜੀਵਨ ਨੂੰ ਬਹੁਤ ਜਿਆਦਾ ਸੁਖੀ ਅਤੇ ਖੁਸ਼ਹਾਲ ਬਣਾਇਆ ਹੈ ਉੱਥੇ ਇਸ ਦੇ ਹਾਨੀਕਾਰਕ ਪ੍ਰਭਾਵਾਂ ਨੇ ਸਾਡੇ ਜੀਵਨ ਤੇ ਵਾਤਾਵਰਨ ਨੂੰ ਨਰਕ ਬਣਾ ਕੇ ਰੱਖ ਦਿੱਤਾ ਹੈ। ਅਸੀਂ ਜਾਣਦੇ ਹਾਂ ਕਿ ਸੂਖਮ ਜੀਵਾਣੂਆਂ ਤੋ ਪਲਾਸਟਿਕ ਪ੍ਰਭਾਵਿਤ ਨਹੀਂ ਹੁੰਦਾ ਅਤੇ ਨਾ ਹੀ ਗਲਦਾ ਸੜਦਾ ਹੈ। ਇਕ ਅਨੁਮਾਨ ਮੁਤਾਬਿਕ ਜਿੱਥੇ ਐਲੂਮੀਨੀਅਮ ਨੂੰ ਖਤਮ ਹੋਣ ਵਿਚ ਪੰਜ ਲੱਖ ਸਾਲ ਲੱਗਦੇ ਹਨ ਉੱਥੇ ਪੋਲੀਥੀਨ ਨੂੰ ਦੱਸ ਲੱਖ ਸਾਲ ਲੱਗ ਜਾਂਦੇ ਹਨ। ਇਸ ਲਈ ਇਸ ਦੀ ਵਰਤੋਂ ਨੂੰ ਠੱਲ ਪਾਉਣ ਦੀ ਲੋੜ ਹੈ।

ਪਲਾਸਟਿਕ ਨਾਲ ਬਣੇ ਲਿਫਾਫੇ ਤੇ ਬੋਤਲਾਂ ਨੂ ਵਰਤਣ ਤੋਂ ਬਾਅਦ ਜਦੋਂ ਅਸੀਂ ਕੂੜਾ ਕਰਕਟ ਦੇ ਰੂਪ ਵਿਚ ਸੁੱਟਦੇ ਹਾਂ ਤਾਂ ਉਸ ਨੂੰ ਜੀਵ ਜੰਤੂ ਅਤੇ ਪੰਛੀ ਖਾ ਜਾਂਦੇ ਹਨ ਜਿਸ ਨਾਲ ਇਹ ਪੋਲੀਥੀਨ ਉਨ੍ਹਾਂ ਦੇ ਸਰੀਰ ਵਿਚ ਦਾਖਲ ਹੋ ਕੇ ਉਨ੍ਹਾਂ ਦੀ ਮੌਤ ਦਾ ਕਾਰਨ ਬਣਦੇ ਹਨ। ਦੁਕਾਨਾਂ ਤੋਂ ਸਮਾਨ ਲਿਆਉਣ ਤੋਂ ਬਾਅਦ ਅਸੀਂ ਪਲਾਸਟਿਕ ਦੇ ਲਿਫਾਫੇ ਨੂੰ ਬਾਹਰ ਹੀ ਸੁੱਟ ਦਿੰਦੇ ਹਾਂ, ਜ਼ੋ ਉੱਡ ਕੇ ਖੇਤਾਂ ਵਿਚ ਜਾ ਡਿੱਗਦੇ ਹਨ ਤੇ ਪੌਦਿਆਂ ਉੱਪਰ ਸਮੇਂ ਸਿਰ ਸੂਰਜੀ ਕਿਰਨਾਂ ਪੈਣ ਤੋਂ ਰੋਕ ਦਿੰਦੇ ਹਨ ਜਿਸ ਨਾਲ ਉਨ੍ਹਾਂ ਦੀ ਉਤਪਤੀ ਤੇ ਮਾੜਾ ਅਸਰ ਪੈਂਦਾ ਹੈ। ਨਾਲੀਆਂ ਵਿਚ ਸੁੱਟੇ ਗਏ ਪੋਲੀਥੀਨ ਦੇ ਵਾਧੂ ਲਿਫਾਫੇ ਜਿੱਥੇ ਸੀਵਰੇਜ਼ ਦਾ ਨਿਕਾਸ ਰੋਕਦੇ ਹਨ, ਉਥੇ ਗੰਦੇ ਪਾਣੀ ਦੀ ਖੜੋਤ ਦਾ ਕਾਰਨ ਵੀ ਬਣਦੇ ਹਨ ਜਿਨ੍ਹਾਂ ਉੱਤੇ ਬੈਠ ਕੇ ਮੱਖੀ, ਮੱਛਰ ਆਦਿ ਕਈ ਤਰ੍ਹਾਂ ਦੇ ਰੋਗ ਫੈਲਾਉਂਦੇ ਹਨ।

ਪਲਾਸਟਿਕ ਨੂੰ ਜਲਾਉਣ ਨਾਲ ਪੈਦਾ ਹੋਈਆਂ ਸਲਫਰ ਡਾਈਆਕਸਾਈਡ, ਨਾਈਟਰੋਜਨ ਅਤੇ ਕਈ ਹੋਰ ਗੈਸਾਂ, ਵਾਤਾਵਰਨ ਵਿਚ ਮਿਲ ਕੇ ਤੇਜਾਬੀ ਵਰਖਾ ਤੇ ਮਨੁੱਖਾਂ ਵਿਚ ਕਈ ਰੋਗਾਂ ਦਾ ਕਾਰਨ ਬਣਦੀਆ ਹਨ।

ਸੰਸਾਰ ਭਰ ਵਿਚ ਵਰਤੋਂ ਵਿਚ ਆਉਣ ਵਾਲੇ ਪੋਲੀਥੀਨ ਦਾ 50 ਫੀਸਦੀ ਹਿੱਸਾ ਪੈਕਿੰਗ ਜਾਂ ਖਾਣੇ ਵਾਲੀਆ ਵਸਤਾਂ ਨੂੰ ਪਾਉਣ ਲਈ ਵਰਤਿਆ ਜਾਂਦਾ ਹੈ। ਪਲਾਸਟਿਕ ਦੇ ਕਾਲੇ ਰੰਗ ਦੇ ਲਿਫਾਫੇ ਬੜੇ ਹਾਨੀਕਾਰਕ ਪਦਾਰਥਾਂ ਦੇ ਬਣੇ ਹੁੰਦੇ ਹਨ। ਜੇਕਰ ਪੈਕਿੰਗ ਆਦਿ ਲਈ ਪੋਲੀਥੀਨ ਦੀ ਵਰਤੋਂ ਘੱਟ ਕਰ ਦਿੱਤੀ ਜਾਵੇ ਤਾਂ ਇਸ ਤੋਂ ਬਣਨ ਵਾਲਾ ਕੂੜਾ—ਕਰਕਟ ਕਾਫੀ ਹੱਦ ਤੱਕ ਘੱਟ ਹੋ ਜਾਵੇਗਾ। ਸਾਨੂੰ ਜਦੋਂ ਕਦੇ ਵੀ ਕੋਈ ਵਸਤੂ ਬਜਾਰ ਵਿਚੋਂ ਲੈ ਕੇ ਆਉਣੀ ਹੋਵੇ ਤਾਂ ਘਰੋਂ ਕੱਪੜੇ ਜਾਂ ਜੂਟ ਦੇ ਬਣੇ ਹੋਏ ਥੈਲੇ ਲੈ ਕੇ ਜਾਣੇ ਚਾਹੀਦੇ ਹਨ ਅਤੇ ਪੋਲੀਥੀਨ ਦੇ ਲਿਫਾਫੇ ਵਿਚ ਸਮਾਨ ਲਿਆਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋ ਇਕ ਵਾਰ ਵਰਤੋਂ ਵਿਚ ਆਉਣ ਵਾਲੀਆ ਪਲਾਸਟਿਕ ਦੀ ਆਈਟਮਾਂ ਜਿਵੇਂ ਕਿ ਪਲਾਸਟਿਕ ਦੀ ਡੰਡੀ ਵਾਲੇ ਈਅਰ ਬੱਡ ਤੇ ਗੁਬਾਰੇ, ਪਲਾਸਟਿਕ ਫਲੈਗ, ਕੈਂਡੀ ਸਟਿੱਕਸ, ਆਈਸ ਕਰੀਮ ਸਟਿੱਕਸ, ਥਰਮੋਕੋਲ, ਪਲਾਸਟਿਕ ਪਲੇਟ, ਕੱਪ, ਗਲਾਸ, ਚਮਚ, ਸਟਰਾਅ, ਟਰੇਅ, ਰੈਪਿੰਗ ਅਤੇ ਪੈਕਿੰਗ ਫਿਲਮ ਅਰਾਉਂਡ ਸਵੀਟ ਬਾਕਸਜ਼, ਇੰਨਵੀਟੇਸ਼ਨ ਕਾਰਡ ਅਤੇ ਸਿਗਰੇਟ ਪੈਕੇਟ, ਪਲਾਸਟਿਕ ਤੇ ਪੀ.ਵੀ.ਸੀ ਬੈਨਰਾਂ ਤੇ ਇਕ ਜੁਲਾਈ, 2022 ਤੋਂ ਪੂਰੀ ਤਰ੍ਹਾਂ ਪਾਬੰਧੀ ਲਾ ਦਿੱਤੀ ਗਈ ਹੈ। ਇਸ ਕਰਕੇ ਇਕ ਵਾਰੀ ਵਰਤੇ ਜਾਣ ਵਾਲੇ ਡਿਸਪੋਜ਼ੇਬਲ ਗਿਲਾਸ, ਕੱਪ ਤੇ ਪਲੇਟਾਂ ਆਦਿ ਦੀ ਵਰਤੋਂ ਘਟਾਉਣ ਦੀ ਬਹੁਤ ਲੋੜ ਹੈ।

ਇਸ ਤੋਂ ਇਲਾਵਾ ਸਥਾਨਕ ਸਰਕਾਰ, ਪੰਜਾਬ ਦੇ ਨੋਟੀਫਿਕੇਸ਼ਨ ਮਿਤੀ 18.02.2016 ਰਾਹੀ ਮਿਊਸ਼ੀਪਲ ਕਾਰਪੋਰੇਸ਼ਨ ਅਤੇ ਨਗਰ ਪੰਚਾਇਤ ਦੇ ਅਧਿਕਾਰ ਖੇਤਰ ਵਿਚ ਮਿਤੀ 01.04.2016 ਤੋਂ ਪਲਾਸਟਿਕ ਕੈਰੀ ਬੈਗ ਦੀ ਮੈਨੂਫੈਕਚਰਿੰਗ, ਸਟਾਕ, ਡਿਸਟਰੀਬਿਊਸ਼ਨ ਤੇ ਵਰਤਣ ਤੇ ਪਹਿਲਾਂ ਹੀ ਰੋਕ ਲਾਈ ਹੋਈ ਹੈ।

ਪਲਾਸਟਿਕ ਵਾਤਾਵਰਨ ਲਈ ਹਾਨੀਕਾਰਨ ਸਿੱਧ ਹੋ ਚੁੱਕਿਆ ਹੈ। ਫਿਰ ਵੀ ਘਰਾਂ ਵਿਚ ਖਾਣ ਪੀਣ ਵਾਲੀਆਂ ਵਸਤੂਆਂ ਪਾ ਕੇ ਰੱਖਣ ਲਹੀ ਘਟੀਆ ਪਲਾਸਟਿਕ ਦੇ ਡੱਬਿਆ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨਾਲ ਸਿਹਤ ਤੇ ਮਾੜਾ ਅਸਰ ਪੈਂਦਾ ਹੈ। ਪੋਲੀਥੀਨ ਦੇ ਲਿਫਾਫੇ ਕਿੰਨਾ ਕਹਿਰ ਢਾਹ ਸਕਦੇ ਹਨ, ਇਸ ਦਾ ਅੰਦਾਜ਼ਾ ਤੁਸੀ ਇਸ ਗੱਲ ਨਾਲ ਹੀ ਲਗਾ ਸਕਦੇ ਹੋ ਕਿ ਰੈਡੀਮੇਡ ਕੱਪੜਿਆ ਨੂੰ ਪੈਕ ਕਰਨ ਵਾਲੇ ਲਿਫਾਫੇ ਉੱਤੇ ਇਹ ਸਾਫ ਹਦਾਇਤ ਦਿੱਤੀ ਹੁੰਦੀ ਹੈ ਕਿ ਇਸ ਨੂੰ ਬੱਚਿਆਂ ਦੇ ਹੱਥਾਂ ਵਿਚ ਨਾ ਦਿੱਤਾ ਜਾਵੇ।

ਇਸ ਨਾਲ ਖੇਡਣ ਸਮੇਂ ਬੱਚੇ ਦਾ ਸਾਹ ਘੁਟ ਸਕਦਾ ਹੈ। ਇਸ ਲਈ ਇਨ੍ਹਾਂ ਦੀ ਵਰਤੋਂ ਨੂੰ ਰੋਕਣ ਦੀ ਲੋੜ ਹੈ।

ਭਾਵੇ ਪੋਲੀਥੀਨ ਦੀ ਵਰਤੋਂ ਬੰਦ ਕਰਨ ਲਈ ਗੈਰ—ਸਰਕਾਰੀ ਅਤੇ ਸਰਕਾਰੀ ਜੱਥੇਬੰਦੀਆਂ ਵੱਲੋ ਇਸ ਵਿਰੁੱਧ ਮੁਹਿੰਮ ਛੇੜੀ ਗਈ ਹੈ ਪਰ ਅਜੇ ਤਾਂ ਪੂਣੀ ਵੀ ਨਹੀਂ ਕੱਤੀ ਗਈ। ਬਹੁਤ ਕੁਝ ਕਰਨਾ ਅਜੇ ਬਾਕੀ ਹੈ। ਆਓ ਅਸੀਂ ਅੱਜ ਪ੍ਰਣ ਕਰੀਏ ਕਿ ਅਸੀਂ ਸਾਰੇ ਪੋਲੀਥੀਨ ਦੀ ਵਰਤੋਂ ਨਹੀਂ ਕਰਾਂਗੇ। ਇਸ ਦਾ ਸਹੀ ਢੰਗ ਨਾਲ ਨਿਪਟਾਰਾ ਕਰਾਂਗੇ ਤਾਂ ਜ਼ੋ ਵਾਤਾਵਰਨ ਹੋਰ ਪ੍ਰਦੂਸ਼ਿਤ ਨਾ ਹੋਵੇ।

**ਇੰਜ: ਰਾਜ ਕੁਮਾਰ ਅਗਰਵਾਲ**
ਸਟੇਟ ਅਵਾਰਡੀ ਲੇਖਕ , ਕੋਟਕਪੂਰਾ



# ਐਲਬੀਨਿਜ਼ਮ - ਬੱਗਾਪਣ

ਕੁਝ ਸਮਾਂ ਪਹਿਲਾਂ ਟੀ.ਵੀ ਤੇ ਉੜੀਸਾ ਦੇ ਭੁਵਨੇਸ਼ਵਰ ਤੋਂ 196 ਕਿਲੋਮੀਟਰ ਦੂਰ ਬਾਲਾਸੌਰ ਜ਼ਿਲੇ ਦੇ ਇੱਕ ਪਿੰਡ ਵਿੱਚ ਮਿਲਿਆ ਇੱਕ ਗੁਲਾਬੀ ਅੱਖਾਂ ਅਤੇ ਪੀਲੀ ਚਮੜੀ ਵਾਲਾ ਕਛੂਕੰਮਾ ਦਿਖਾ ਰਹੇ ਸਨ । ਸਾਇੰਸਦਾਨਾਂ ਅਨੁਸਾਰ ਇਹ ਕੋਈ ਗੈਬੀ ਸ਼ਕਤੀ ਜਾਂ ਦੈਵੀ ਚਮਤਕਾਰ ਨਹੀਂ, ਸਗੋਂ ਇਕ ਕਿਸਮ ਦਾ ਜੀਵਾਂ ਵਿਚ ਕੁਦਰਤੀ ਅਣੂਵੰਸ਼ਿਕ ਪਰਿਵਰਤਨ (Genetic Mutation) ਹੈ ਜਿਸਨੂੰ ਐਲਬੀਨਿਜ਼ਮ ਕਿਹਾ ਜਾਂਦਾ ਹੈ। ਐਲਬੀਨਿਜ਼ਮ ਸਮੁੰਦਰ ਤੋਂ ਲੈ ਕੇ ਅਸਮਾਨ ਤੱਕ ਵਿਚਰਦੇ ਜੀਵਾਂ ਵਿੱਚ ਪਾਇਆ ਜਾਂਦਾ ਹੈ। ਇਹ ਕੋਈ ਬਿਮਾਰੀ ਨਹੀਂ ਹੈ। ਇਸ ਵਿੱਚ ਚਮੜੀ ਦਾ ਰੰਗ ਹੀ ਨਹੀਂ ਹੁੰਦਾ ਜਾਂ ਇਉਂ ਕਹਿ ਲਓ ਬਦਲ ਜਾਂਦਾ ਹੈ। ਚਮੜੀ ਦਾ ਰੰਗ ਸਾਡੇ ਸਰੀਰ ਦੇ ਸੈੱਲਾਂ ਵਿਚ ਮੌਜੂਦ ਮਿਲੈਨੋਸਾਈਟ ਸੈਲ ਕਰਕੇ ਹੁੰਦਾ ਹੈ ਜੋ ਕਿ ਮੈਲਾਨਿਨ ਬਣਾਉਂਦੇ ਹਨ। ਇਸ ਮੈਲਾਨਿਨ ਦੀ ਮਾਤਰਾ ਨਾਲ ਹੀ ਦੁਨੀਆਂ ਤੇ ਵੱਸਦੀ ਮਨੁੱਖ ਜਾਤੀ ਦੀ ਚਮੜੀ ਦਾ ਰੰਗ ਗੋਰਾ, ਕਾਲਾ ਜਾਂ ਸਾਂਵਲਾ ਹੁੰਦਾ ਹੈ। ਮਨੁੱਖ ਦੀ ਉਤਪਤੀ ਅਤੇ ਉਸਦਾ ਸਾਰੀ ਦੁਨੀਆਂ ਵਿਚ ਵਿੱਚ ਪ੍ਰਸਾਰ ਇੱਕ ਅਲੱਗ ਵਿਸ਼ਾ ਹੈ। ਭੂ ਮੱਧ ਰੇਖਾ ਦੇ ਨਜ਼ਦੀਕ ਰਹਿਣ ਵਾਲੇ ਲੋਕਾਂ ਦੀ ਚਮੜੀ ਵਿੱਚ ਤਿੱਖੀ ਧੁੱਪ ਤੋਂ ਬਚਾਉਣ ਲਈ ਮੈਲਾਨਿਨ ਜ਼ਿਆਦਾ ਬਣਦਾ ਹੈ, ਇਸ ਲਈ ਇਹਨਾ ਦੀ ਚਮੜੀ ਦਾ ਰੰਗ ਪੱਕਾ ਹੁੰਦਾ ਹੈ ਅਤੇ ਜਿਉਂ ਜਿਉਂ ਦੱਖਣੀ ਤੇ ਉੱਤਰੀ ਧਰੁਵ ਵੱਲ ਜਾਂਦੇ ਜਾਓ, ਸੂਰਜ ਦੀ ਤਪਸ਼ ਘਟਣ ਦੇ ਨਾਲ-ਨਾਲ ਮਨੁੱਖੀ ਚਮੜੀ ਵਿਚ ਮੈਲਾਨਿਨ ਦੀ ਮਾਤਰਾ ਵੀ ਘਟਦੀ ਜਾਂਦੀ ਹੈ ਅਤੇ ਰੰਗ ਹਲਕਾ ਹੁੰਦਾ ਜਾਂਦਾ ਹੈ। ਮਨੁੱਖ ਜਾਤੀ ਵਿੱਚ ਇਹ ਸਾਰਾ ਕੁਝ ਲੱਗਭੱਗ ਪਿਛਲੇ 50 ਹਜ਼ਾਰ ਸਾਲ ਵਿੱਚ ਹੋਇਆ। ਇਸ ਦੇ ਹੋਰ ਵੀ ਭੁਗੋਲਿਕ ਅਤੇ ਵਾਤਾਵਰਣ ਨਾਲ ਸੰਬੰਧਿਤ ਕਾਰਨ ਸਨ, ਉਹਨਾਂ ਬਾਰੇ ਫੇਰ ਕਦੇ ਲਿਖਾਂਗੇ।

ਮੈਲਾਨਿਨ ਦਾ ਸਾਡੀ ਚਮੜੀ ਵਿਚ ਬਣਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਸਾਡੀ ਚਮੜੀ ਨੂੰ ਸੂਰਜ ਦੀਆਂ ਅਲਟਰਾਵਾਈਲਟ ਕਿਰਨਾਂ ਜਾਂ ਪਰਾਬੈਂਗਣੀ ਕਿਰਨਾਂ ਤੋਂ ਬਚਾਉਂਦੀ ਹੈ।

ਐਲਬੀਨਿਜ਼ਮ ਵਿਚ ਚਮੜੀ ਦੇ ਸੈੱਲਾਂ ਵਿਚ ਮਿਲੈਨੋਸਾਈਟ ਸੈੱਲ ਨਹੀਂ ਹੁੰਦੇ ਅਤੇ ਮੈਲਾਨਿਨ ਬਹੁਤ ਘੱਟ ਬਣਦਾ ਜਾਂ ਬਿਲਕੁਲ ਹੀ ਨਹੀਂ ਬਣਦਾ। ਹੁਣ ਤੁਹਾਨੂੰ ਥੋੜਾ ਹੋਰ ਚਾਨਣਾ ਪਾਈਏ! ਜਦੋਂ ਵੀ ਕਿਸੇ ਜੀਵ ਦੀ ਪੈਦਾਇਸ਼ ਹੁੰਦੀ ਹੈ ਤਾਂ ਉਸ ਜੀਵ ਦੀ ਸ਼ਕਲ-ਸੂਰਤ, ਲਿੰਗ, ਲੰਬਾਈ ,ਉਂਚਾਈ, ਚਮੜੀ ਦਾ ਰੰਗ, ਵਾਲਾਂ ਦਾ ਰੰਗ, ਵਜੂਦ, ਸਭ ਕੁਝ ਉਸ ਨੂੰ ਪੈਦਾ ਕਰਨ ਵਾਲੇ ਨਰ ਅਤੇ ਮਾਦਾ ਦੇ ਜੀਨਸ (Genes) ਤੇ ਨਿਰਭਰ ਕਰਦਾ ਹੈ। ਜੇਕਰ ਦੋਨਾਂ ਦੇ ਜੀਨਸ ਵਿਚ ਅਨੁਵਾਂਸ਼ਿਕ ਪਰਿਵਰਤਨ ਜਾਂ ਜੇਨੈਟਿਕ ਮੁਯੂਟੇਸ਼ਨ ਪੈਦਾ ਹੋ ਜਾਵੇ ਤਾਂ ਉਨ੍ਹਾਂ ਦੇ ਬੱਚਿਆਂ ਵਿੱਚ ਐਲਬਨਿਜ਼ਮ ਹੋ ਸਕਦਾ ਹੈ। ਜਦੋਂ ਤੋਂ ਮਨੁੱਖ ਦੀ ਉਤਪਤੀ ਹੋਈ ਹੈ, ਜੈਨੇਟਿਕ ਮਯੂਟੇਸ਼ਨਾਂ ਹੋ ਰਹੀਆਂ ਹਨ ਅਤੇ ਇਹ ਇਕ ਤੋਂ ਦੂਜੀ ਪੀੜ੍ਹੀ ਤੁਰਦੀਆਂ ਰਹਿੰਦੀਆਂ ਹਨ। ਮੈਂਡਲ ਦੇ ਸਿਧਾਂਤ ਅਨੁਸਾਰ ਜਦੋਂ ਦੋਨਾਂ ਮਾਪਿਆਂ ਵੱਲੋਂ ਐਲਬੀਨਿਜਮ ਦੇ ਰਿਸੈਸਿਵ ਜੀਨਸ ਮਿਲ ਜਾਂਦੇ ਹਨ ਤਾਂ ਐਲਬੀਨੋ ਬੱਚਾ ਪੈਦਾ ਹੁੰਦਾ ਹੈ। ਸਾਨੂੰ ਇਹ ਵੀ ਪਤਾ ਹੈ ਕਿ ਚਮੜੀ ਦਾ ਰੰਗ ਇਕ ਤੋਂ ਵੱਧ ਜੀਨਸ ਕੰਟਰੋਲ ਕਰਦੇ ਹਨ। ਐਲਬੀਨਿਜਮ ਦੁਨੀਆਂ ਦੇ ਥਣਧਾਰੀ ਜੀਵਾਂ ਵਿੱਚ ਜਿਆਦਾਤਰ ਪ੍ਰਤੱਖ ਹੋ ਜਾਂਦਾ ਹੈ ਕਿਉਂਕਿ ਉਹਨਾਂ ਦੀ ਚਮੜੀ ਸਾਨੂੰ ਦਿਖਾਈ ਦਿੰਦੀ ਹੈ। ਪੰਛੀਆਂ ਵਿੱਚ ਐਲਬੀਨਿਜਮ ਉਨ੍ਹਾਂ ਦੇ ਖੰਭਾਂ ਵਿੱਚ ਦਿਖਾਈ ਦਿੰਦੀ ਹੈ। ਚਮੜੀ ਤੇ ਪਿਲੱਤਣ ਵਾਲੇ ਇਹ ਜਨੌਰ ਸਿਰਫ਼ ਚਿੜੀਆ ਘਰਾਂ ਵਿੱਚ ਹੀ ਸੁਰੱਖਿਅਤ ਰਹਿੰਦੇ ਹਨ। ਜੰਗਲ-ਬੇਲਿਆਂ ਵਿੱਚ ਇਹਨਾਂ ਦਾ ਸ਼ਿਕਾਰ ਜਲਦੀ ਹੋ ਜਾਂਦਾ ਹੈ। ਮਨੁੱਖ ਵਿਚ ਇਸ ਕਾਰਨ ਅੱਖਾਂ ਦੀਆਂ ਬਿਮਾਰੀਆਂ, ਕਮਜ਼ੋਰ ਨਜ਼ਰ, ਚਮੜੀ ਦੇ ਕੈਂਸਰ ਅਤੇ ਸਨਬਰਨ ਵਰਗੇ ਰੋਗਾਂ ਦਾ ਖ਼ਤਰਾ ਰਹਿੰਦਾ ਹੈ ਕਿਉਂ ਜੋ ਸੂਰਜ ਦੀਆਂ ਕਿਰਨਾਂ ਸਿੱਧੀਆਂ ਚਮੜੀ ਤੇ ਪੈਂਦੀਆਂ ਹਨ। ਅੱਖਾਂ ਅਸਲ ਵਿਚ ਨੀਲੀਆਂ ਹੁੰਦੀਆਂ ਹਨ ਪਰ ਖੂਨ ਦੀ ਸਪਲਾਈ ਕਰਕੇ ਗੁਲਾਬੀ ਭਾਅ ਮਾਰਦੀਆਂ ਹਨ।

ਅਫ਼ਰੀਕਾ ਦੇ ਸਹਾਰਾ ਇਲਾਕੇ ਦੇ ਵਸਨੀਕਾਂ ਵਿਚ ਪੰਜ ਹਜ਼ਾਰ ਪਿੱਛੇ ਇੱਕ ਅਤੇ ਯੌਰੋਪ ਅਤੇ ਅਮਰੀਕਾ ਵਿਚ ਵੀਹ ਹਜ਼ਾਰ ਪਿੱਛੇ ਇੱਕ ਮਨੁੱਖ ਵਿੱਚ ਐਲਬਨਿਜ਼ਮ ਪਾਈ ਜਾਂਦੀ ਹੈ। ਐਲਬਨਿਜ਼ਮ ਇੱਕ ਅਣੂਵੰਸ਼ਿਕ ਪਰਿਵਰਤਨ ਹੈ ਅਤੇ ਇਸ ਨੂੰ ਕਿਸੇ ਤਰ੍ਹਾਂ ਦੇ ਅੰਧ-ਵਿਸ਼ਵਾਸ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ।

**ਰਿਪਨਜੋਤ ਕੋਰ ਸੋਨੀ ਬੱਗਾ**

विज्ञान एवं प्रौद्योगिकी विभाग
DEPARTMENT OF SCIENCE AND TECHNOLOGY
भारत सरकार
GOVERNMENT OF INDIA

VIGYAN PRASAR

# AWSAR

## AUGMENTING WRITING SKILLS FOR ARTICULATING RESEARCH

SUBMIT NOW

**AWSAR** is an initiative that aims to spread Indian research stories among the masses, making it easy to understand and interesting to the general public. Under this initiative, PhD Scholars and Post-Doctoral Fellows (PDFs) in Science and Technology (S&T) streams would be encouraged to write at least one popular science article during the tenancy of their fellowship, and to participate in a national competition.

**AWSAR** seeks to create a culture of science communication/popularisation among the researchers and foster scientific temper in them.

## SUBMIT YOUR RESEARCH STORY on or before 30th August 2022

**Eligibility:** *Any Indian Citizen pursuing PhD or Post-doctoral in any stream of Science and Technology*

*Register Now: https://awsar-dst.in/member*

### Award Categories

**FOR PhD SCHOLARS**

*1st Prize : ₹ 1,00,000*
*2nd Prize: ₹ 50,000*
*3rd Prize: ₹ 25,000*
*100 selected entries: ₹ 10,000 (each)*

**FOR POST-DOCTORAL FELLOWS**

*One Outstanding story ₹ 1,00,000*
*20 selected entries ₹ 10,000 (each)*

AWSAR available on UMANG

*Register Now: https://awsar-dst.in/member*

Visit us : **www.awsar-dst.in**

Follow us:

# ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

## ਵਿਗਿਆਨ ਪ੍ਰਸਾਰ

ਤਕਨਾਲੋਜੀ ਭਵਨ, ਪਹਿਲੀ ਮੰਜ਼ਿਲ,
ਏਆਈ ਬਿਲਡਿੰਗ, ਨਿਊ ਮਹਿਰੌਲੀ ਰੋਡ,
ਨਵੀਂ ਦਿੱਲੀ – 110016
www.vigyanprasar.gov.in

## ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ

ਐਮ.ਜੀ.ਸੀਪਾ. ਕੰਪਲੈਕਸ, ਸੈਕਟਰ-26,
ਚੰਡੀਗੜ੍ਹ - 160019
www.pscst.punjab.gov.in

# ਸਾਨੂੰ ਫੌਲੋ ਕਰੋ

https://twitter.com/VigyanPrasar
https://facebook.com/vigyanprasar
https://youtube.com/user/VigyanPrasar1
https://linkedin.com/company/vigyan-prasar/
https://www.instagram.com/vigyanprasar/
www.pinterest.com/vigyanprasar

https://twitter.com/PSCST_GoP
https://www.facebook.com/pscstchandigarh
https://www.youtube/pscst

# ਸੰਪਾਦਕੀ ਟੀਮ

**ਵਿਗਿਆਨ ਪ੍ਰਸਾਰ**

ਡਾ. ਨਕੁਲ ਪਰਾਸ਼ਰ
ਡਾ. ਬੀ.ਕੇ. ਤਿਆਗੀ
ਡਾ. ਕੇ. ਭਾਰਤ ਭੂਸ਼ਣ

**ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ**

ਡਾ. ਜਤਿੰਦਰ ਕੌਰ ਅਰੋੜਾ
ਡਾ. ਕੁਲਬੀਰ ਸਿੰਘ ਬਾਠ
ਡਾ. ਮੰਦਾਕਿਨੀ ਠਾਕੁਰ
ਸ਼ਿਵਾਨੀ